IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਅਜੋਕਾ ਲੋਕਤੰਤਰ ਦੇ ਸੰਦਰਭ ਵਿਚ ਸੋਸ਼ਲ ਮੀਡੀਆ ਦੀ ਭੂਮਿਕਾ

ਸੁਖਦੀਪ ਕੌਰ (ਖੋਜਾਰਥੀ)
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਨਿਗਰਾਨ-ਡਾ.ਪਰਮਜੀਤ ਸਿੰਘ ਢੀਂਗਰਾ

**ਸਾਰਾਂਸ਼** :- ਮੀਡੀਆ ਅੱਜ ਦੇ ਦੌਰ ਦੀ ਇਕ ਪ੍ਰਮੁੱਖ ਜ਼ਰੂਰਤ ਬਣ ਚੁੱਕਾ ਹੈ। ਸਮੇਂ-ਸਮੇਂ 'ਤੇ ਹੁੰਦੇ ਬਦਲਾਵਾਂ ਦੇ ਕਾਰਨ ਮੀਡੀਆ ਨਵੇਂ ਅਤੇ ਬਦਲਵੇਂ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਰਿਹਾ ਹੈ। ਅੱਜ ਦਾ ਇਹ ਮੀਡੀਆ ਜਿਸ ਨੂੰ ਅਸੀਂ ਸੋਸ਼ਲ ਮੀਡੀਆ ਕਹਿੰਦੇ ਹਾਂ, ਪੁਰਾਣੇ ਅਤੇ ਰਵਾਇਤੀ ਮੀਡੀਏ ਨਾਲੋਂ ਪੂਰੀ ਤਰ੍ਹਾਂ ਭਿੰਨ ਹੈ। ਜਿਥੇ ਰਵਾਇਤੀ ਮੀਡੀਆ ਸਿਰਫ ਇਕ-ਤਰਫ਼ਾ ਸੰਵਾਦ 'ਤੇ ਅਧਾਰਤ ਸੀ, ਉਥੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮ ਦੋ-ਤਰਫ਼ਾ ਸੰਵਾਦ ਦੀ ਪ੍ਰਕਿਰਿਆ ਨੂੰ ਅਪਣਾਉਂਦੇ ਹਨ। ਮੀਡੀਆ ਹਮੇਸ਼ਾ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦਾ ਇਕ ਸਾਧਨ ਰਿਹਾ ਹੈ ਅਤੇ ਇਹੀ ਗੱਲ ਅੱਜ ਸੋਸ਼ਲ ਮੀਡੀਆ ਦੇ ਸੰਦਰਭ ਵਿਚ ਵੀ ਆਖੀ ਜਾ ਸਕਦੀ ਹੈ। ਕਿਸੇ ਵੀ ਦੇਸ਼ ਦੀ ਲੋਕਤੰਤਰੀ ਵਿਵਸਥਾ ਨੂੰ ਬਣਾਏ ਰੱਖਣ ਲਈ ਸੋਸ਼ਲ ਮੀਡੀਆ ਬਹੁਤ ਹੀ ਉਸਾਰੂ ਭੂਮਿਕਾ ਨਿਭਾ ਸਕਦਾ ਹੈ। ਸਾਡਾ ਹੱਥਲਾ ਖੋਜ-ਪੱਤਰ ਲੋਕਤੰਤਰ ਵਿਚ ਸੋਸ਼ਲ ਮੀਡੀਆ ਦੀ ਭੂਮਿਕਾ ਸੰਬੰਧੀ ਚਰਚਾ ਕਰਦਾ ਹੈ।

**ਕੀਵਰਡ** :- ਸੋਸ਼ਲ ਮੀਡੀਆ, ਲੋਕਤੰਤਰ, ਸੰਚਾਰ

## ਸੋਸ਼ਲ ਮੀਡੀਆ

ਸੰਚਾਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚੋਂ ਇਕ ਹੈ। ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸੰਚਾਰ ਦੀ ਅਣਹੋਂਦ ਵਿਚ ਮਨੁੱਖੀ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਅਸਲ ਵਿਚ ਸੰਚਾਰ ਹਰ ਯੁੱਗ ਵਿਚ ਮਨੁੱਖ ਦੀ ਮੁੱਢਲੀ ਲੋੜ ਰਿਹਾ ਹੈ। ਪੱਥਰ ਯੁੱਗ ਦੇ ਆਦਿ ਮਨੁੱਖ ਨੂੰ ਵੀ ਪ੍ਰਗਟਾਵੇ ਦੀ ਓਨੀ ਹੀ ਲੋੜ ਸੀ, ਜਿੰਨੀ ਸੂਚਨਾ- ਕ੍ਰਾਂਤੀ ਦੇ ਆਧੁਨਿਕ ਮਨੁੱਖ ਨੂੰ। ਪਰਿਵਾਰ, ਕਬੀਲੇ, ਸਮਾਜ ਅਤੇ ਰਾਸ਼ਟਰ ਨਿਰਮਾਣ ਵਿਚ ਸੰਚਾਰ ਦੀ ਸ਼ਕਤੀਸ਼ਾਲੀ ਭੂਮਿਕਾ ਤੋਂ ਸ਼ਾਇਦ ਕੋਈ ਇਨਕਾਰ ਨਹੀਂ ਕਰ ਸਕਦਾ। ਸੰਚਾਰ ਦੇ ਅਜਿਹੇ ਨਵੇਂ ਤਰੀਕੇ ਅਤੇ ਨਵੇਂ ਮਾਧਿਅਮ ਸਾਹਮਣੇ ਆਏ ਹਨ, ਜੋ ਪੂਰੀ ਤਰ੍ਹਾਂ ਨਾਲ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਏ ਹਨ। **ਮਾਰਸ਼ਲ ਮੈਕਲੁਹਾਨ** ਦੇ ਸੰਕਲਪ ਅਨੁਸਾਰ ਅੱਜ ਸਾਰਾ ਸੰਸਾਰ ਇਕ 'ਵਿਸ਼ਵ ਪਿੰਡ' ਵਿਚ ਤਬਦੀਲ ਹੋ ਚੁੱਕਾ ਹੈ ਅਤੇ ਇਸ ਦਾ ਸਾਰਾ ਸਿਹਰਾ ਸੂਚਨਾ-ਕ੍ਰਾਂਤੀ ਨੂੰ ਜਾਂਦਾ ਹੈ। ਇਸ ਸੂਚਨਾ-ਕ੍ਰਾਂਤੀ ਵਿਚੋਂ ਸੋਸ਼ਲ ਮੀਡੀਆ ਦਾ ਜਨਮ ਹੋਇਆ ਹੈ। ਸੋਸ਼ਲ ਮੀਡੀਆ ਇਕ ਅਜਿਹਾ ਹੀ ਸੰਚਾਰ ਮਾਧਿਅਮ ਹੈ, ਜੋ ਦੁਨੀਆ ਭਰ ਦੇ ਅਣਗਿਣਤ ਲੋਕਾਂ ਨੂੰ ਆਪਸ ਵਿਚ ਜੋੜਦਾ ਹੈ ਅਤੇ ਸਾਡੀ ਜ਼ਿੰਦਗੀ ਦਾ ਇਕ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਸਾਡੀ ਅਜੋਕਾ ਜੀਵਨ ਸ਼ੈਲੀ, ਕੰਮ, ਕਲਾ, ਸਾਹਿਤ, ਸਿਹਤ ਅਤੇ ਸਿੱਖਿਆ ਵਰਗੇ ਸਾਡੇ ਜੀਵਨ ਦੇ ਕਈ ਪਹਿਲੂਆਂ ਨੂੰ ਇਹ ਪ੍ਰਭਾਵਤ ਕਰ ਰਿਹਾ ਹੈ। ਅਜੋਕੇ ਸੰਦਰਭ ਵਿਚ ਇਸਦੀ ਉਪਯੋਗਤਾ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਆਧੁਨਿਕ ਯੁੱਗ ਦੀ ਇਕ ਵੱਡੀ ਲੋੜ ਅਤੇ ਹਕੀਕਤ ਬਣ ਗਿਆ ਹੈ।

ਸੋਸ਼ਲ ਮੀਡੀਆ ਅੱਜ ਇਕ ਸਰਵ-ਵਿਆਪਕ ਸ਼ਕਤੀ ਬਣ ਗਿਆ ਹੈ। ਜਿਸ ਦੁਆਰਾ ਸੰਸਾਰ ਮਨੁੱਖ ਦੀ ਹਥੇਲੀ 'ਤੇ ਰੱਖੀ ਵਸਤੂ ਵਾਂਗ ਬਣ ਗਿਆ ਹੈ, ਭਾਵ ਸਾਰਾ ਸੰਸਾਰ ਉਸ ਦੀ ਮੁੱਠੀ ਵਿਚ ਆ ਗਿਆ ਹੈ। ਸੂਚਨਾ ਪ੍ਰਣਾਲੀ ਇੰਟਰਨੈੱਟ ਰਾਹੀਂ ਮਨੁੱਖ ਦੇ ਹੱਥਾਂ ਵਿਚ ਬੰਦ ਹੁੰਦੀ ਜਾ ਰਹੀ ਹੈ। ਸੰਚਾਰ ਦੀ ਇਹ ਨਵੀਂ ਤਕਨੀਕ ਸਮੁੱਚੇ ਸੰਸਾਰ ਨੂੰ ਮਨੁੱਖ ਦੀਆਂ ਉਂਗਲੀਆਂ ਦੀ ਛੋਹ ਦੇ ਦਾਇਰੇ ਵਿਚ ਲੈ ਆਈ ਹੈ। ਇਸ ਨਵੀਂ ਮੀਡੀਆ ਤਕਨੀਕ ਰਾਹੀਂ ਆਨਲਾਇਨ ਹੋ ਕੇ ਕੋਈ ਵੀ ਵਿਅਕਤੀ ਸੂਚਨਾ ਦੇ ਇਸ ਅਥਾਹ ਸਮੁੰਦਰ ਵਿਚੋਂ ਆਪਣੀ ਮਨਚਾਹੀ ਸੂਚਨਾ ਪ੍ਰਾਪਤ ਕਰ ਸਕਦਾ ਹੈ। ਇਹ ਮੀਡੀਆ ਰਵਾਇਤੀ ਮੀਡੀਆ ਨਾਲੋਂ ਪੂਰੀ ਤਰ੍ਹਾਂ ਭਿੰਨ ਹੈ। ਪ੍ਰਿੰਟ ਅਤੇ ਪ੍ਰਸਾਰਨ ਮੀਡੀਆ 'ਤੇ ਸਥਾਨ ਅਤੇ ਸਮੇਂ ਦੀ ਸੀਮਾ ਲਾਗੂ ਸੀ, ਪਰ ਸੋਸ਼ਲ ਮੀਡੀਆ ਦੇ ਸੰਬੰਧ ਵਿਚ ਅਜਿਹਾ ਨਹੀਂ ਹੈ। ਇਸ ਦੀ ਪਹੁੰਚ ਪੂਰੀ ਦੁਨੀਆ ਤੱਕ ਹੈ ਅਤੇ ਇਹ ਦਿਨ ਦੇ ਚੌਵੀ ਘੰਟੇ ਅਤੇ ਹਫ਼ਤੇ ਦੇ ਸੱਤੇ ਦਿਨ ਉਪਲਬਧ ਹੈ।

ਸੋਸ਼ਲ ਮੀਡੀਆ ਇਕ ਅਜਿਹਾ ਮਹੱਤਵਪੂਰਨ ਤੰਤਰ ਹੈ, ਜੋ ਹਰ ਥਾਂ 'ਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਸਭ ਤੋਂ ਸਰਲ ਅਤੇ ਢੁੱਕਵਾਂ ਮਾਧਿਅਮ ਹੈ, ਚਾਹੇ ਸੰਸਾਰ ਪੱਧਰ 'ਤੇ ਹੋਵੇ ਜਾਂ ਖੇਤਰੀ ਪੱਧਰ 'ਤੇ। ਸੋਸ਼ਲ ਮੀਡੀਆ ਕਿਸੇ ਵੀ ਦੇਸ਼ ਜਾਂ ਸਮਾਜ ਦੀ ਤਰੱਕੀ ਵਿਚ ਅਹਿਮ ਰੋਲ ਅਦਾ ਕਰਦਾ ਹੈ। ਸੋਸ਼ਲ

ਮੀਡੀਆ ਕਿਸੇ ਵੀ ਸਮਾਜ ਦੀ ਸਿਰਜਣਾ ਅਤੇ ਪੁਨਰ-ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਤਿਹਾਸ ਵਿਚ ਅਜਿਹੀਆਂ ਅਣਗਿਣਤ ਉਦਾਹਰਣਾਂ ਹਨ, ਜਦੋਂ ਲੋਕਾਂ ਨੇ ਸੋਸ਼ਲ ਮੀਡੀਆ ਦੀ ਤਾਕਤ ਨੂੰ ਪਛਾਣਿਆ ਅਤੇ ਇਸਨੂੰ ਤਬਦੀਲੀ ਦੇ ਇਕ ਭਰੋਸੇਯੋਗ ਹਥਿਆਰ ਵਜੋਂ ਵਰਤਿਆ। ਸੋਸ਼ਲ ਮੀਡੀਆ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਈ ਅੰਦੋਲਨਾਂ ਨੂੰ ਪੈਦਾ ਕਰਨ ਤੇ ਅੰਜਾਮ ਤੱਕ ਪਹੁਚਾਉਣ ਵਿਚ ਅਹਿਮ ਯੋਗਦਾਨ ਪਾਇਆ ਤੇ ਸਕਾਰਾਤਮਕ ਭੂਮਿਕਾ ਨਿਭਾਈ ਹੈ।

ਨੱਬੇ ਦੇ ਦਹਾਕੇ ਵਿਚ ਰਵਾਇਤੀ ਮੀਡੀਆ ਅਦਾਰੇ ਆਪਣੀ ਨੀਤੀ ਤਹਿਤ ਫ਼ੈਸਲਾ ਕਰਦੇ ਸਨ ਕਿ ਕਿਹੜੀਆਂ ਖ਼ਬਰਾਂ ਲੋਕਾਂ ਤੱਕ ਪਹੁੰਚਾਉਣੀਆਂ ਹਨ ਤੇ ਕਿਹੜੀਆਂ ਨਹੀਂ, ਪਰ ਆਧੁਨਿਕ ਯੁੱਗ ਵਿਚ ਸੋਸ਼ਲ ਮੀਡੀਆ ਨੇ ਇਸ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਹੁਣ ਸੋਸ਼ਲ ਮੀਡੀਆ ਨਾਲ ਜੁੜੇ ਲੱਖਾਂ ਲੋਕ ਸੂਚਨਾ ਅਤੇ ਖ਼ਬਰਾਂ ਨਾਲ ਸੰਬੰਧਤ ਨੀਤੀ ਦਾ ਫ਼ੈਸਲਾ ਕਰਦੇ ਹਨ। ਮਿਸ਼ਨ ਤੋਂ ਕਿੱਤਾ ਅਤੇ ਫਿਰ ਉਦਯੋਗ ਵਿਚ ਬਦਲਣ ਵਾਲੀ ਪੱਤਰਕਾਰੀ ਅੱਜ ਸ਼ੱਕ ਦੇ ਘੇਰੇ ਵਿਚ ਹੈ। ਅਖ਼ਬਾਰ ਇਸ਼ਤਿਹਾਰ ਮਗਰ ਤੇ ਟੈਲੀਵਿਜ਼ਨ ਪੱਤਰਕਾਤੀ ਟੀ.ਆਰ.ਪੀ. ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਕੇ ਆਪਣੀ ਭਰੋਸੇਯੋਗਤਾ ਪੂਰੀ ਤਰ੍ਹਾਂ ਗਵਾ ਚੁੱਕੇ ਹਨ। ਅੱਜ ਸੋਸ਼ਲ ਮੀਡੀਆ ਇਕ ਕ੍ਰਾਂਤੀ ਲੈ ਕੇ ਆਇਆ ਹੈ, ਪੱਤਰਕਾਰੀ ਹੁਣ ਸਿਰਫ਼ ਅਖ਼ਬਾਰਾਂ, ਰੇਡੀਓ ਅਤੇ ਟੀ.ਵੀ. ਜਿਹੇ ਰਵਾਇਤੀ ਮਾਧਿਆਮਾਂ ਤੱਕ ਸੀਮਤ ਨਹੀਂ ਰਹੀ, ਸਗੋਂ ਫੇਸਬੁੱਕ, ਵਟਸਐਪ, ਯੂ-ਟਿਊਬ, ਇੰਸਟਾਗ੍ਰਾਮ, ਟਵਿੱਟਰ ਆਦਿ ਵਰਗੇ ਸੋਸ਼ਲ ਮੀਡੀਆ ਰਾਹੀਂ ਵੀ ਹੋ ਰਹੀ ਹੈ। ਸੋਸ਼ਲ ਮੀਡੀਆ ਨੌਜਵਾਨਾਂ ਲਈ ਅਜਿਹਾ ਪਲੇਟਫਾਰਮ ਬਣ ਗਿਆ ਹੈ, ਜਿਥੇ ਹਰ ਨੌਜਵਾਨ ਸਿਟੀਜ਼ਨ ਪੱਤਰਕਾਰ ਬਣ ਗਿਆ ਹੈ। ਸੋਸ਼ਲ ਮੀਡੀਆ, ਜੋ ਲੋਕਤੰਤਰ ਦੇ ਚੌਥੇ ਥੰਮ ਦੇ ਅਸਲੀ ਰੂਪ ਨੂੰ ਦਰਸਾਉਂਦਾ ਹੈ, ਅਸਲ ਵਿਚ ਪੱਤਰਕਾਰੀ ਦਾ ਇਕ ਹਿੱਸਾ ਵੀ ਹੈ, ਜਿਥੇ ਵਿਅਕਤੀ ਖ਼ੁਦ ਲੇਖਕ, ਸੰਪਾਦਕ, ਪ੍ਰਕਾਸ਼ਕ ਅਤੇ ਵਿਤਰਕ ਹੈ। ਇਥੇ ਉਸ ਨੂੰ ਆਪਣੇ ਕਿਸੇ ਵੀ ਵਿਚਾਰ ਨੂੰ ਪ੍ਰਕਾਸ਼ਤ ਕਰਨ ਲਈ ਕਿਸੇ ਹੋਰ ਮੀਡੀਆ ਦੀ ਲੋੜ ਨਹੀਂ ਹੈ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅਜੋਕੇ ਦੌਰ ਵਿਚ ਸੋਸ਼ਲ ਮੀਡੀਆ ਨੇ ਮਨੁੱਖ ਦੀ ਜ਼ਿੰਦਗੀ ਵਿਚ ਇਕ ਵਿਸ਼ੇਸ਼ ਸਥਾਨ ਬਣਾ ਲਿਆ ਹੈ ਅਤੇ ਇਹ ਸੋਸ਼ਲ ਮੀਡੀਆ ਮਨੁੱਖੀ ਜੀਵਨ ਦਾ ਇਕ ਅਨਿੱਖੜਵਾਂ ਅੰਗ ਬਣ ਗਿਆ ਹੈ, ਜਿਸ ਦੀ ਅਣਹੋਂਦ ਵਿਚ ਜ਼ਿੰਦਗੀ ਨੀਰਸ ਜਾਪਦੀ ਹੈ। ਇਹ ਸਮਾਜ ਦੇ ਹਰ ਵਰਗ ਤੱਕ ਪਹੁੰਚਣ ਦੀ ਸਮਰੱਥਾ ਰੱਖਦਾ ਹੈ। ਸਾਡੇ ਆਸੇ-ਪਾਸੇ ਜੋ ਵੀ ਵਾਪਰ ਰਿਹਾ ਹੁੰਦਾ ਹੈ ਅਤੇ ਅਤੀਤ ਵਿਚ ਜੋ ਵੀ ਵਾਪਰ ਚੁੱਕਾ ਹੁੰਦਾ ਹੈ, ਹਰ ਘਟਨਾ ਦੀ ਜਾਣਕਾਰੀ ਸਾਨੂੰ ਸੋਸ਼ਲ ਮੀਡੀਆ ਤੋਂ ਮਿਲ ਜਾਂਦੀ ਹੈ, ਪਰ ਇਹ ਜਾਣਕਾਰੀ ਕਿੰਨੀ ਸਹੀ ਹੈ ਤੇ ਕਿੰਨੀ ਗ਼ਲਤ ਹੈ, ਇਸ ਨੂੰ ਮਾਪਣ ਦਾ ਕੋਈ ਪੈਮਾਨਾ ਨਹੀਂ ਹੈ। ਇਸਦੀ ਪ੍ਰਮਾਣਿਕਤਾ ਦੀ ਘਾਟ ਇਕ ਬਹੁਤ ਵੱਡੀ ਸਮੱਸਿਆ ਹੈ। ਇਸ ਲਈ ਉਪਭੋਗਤਾ ਨੂੰ ਆਪਣੀ ਸਮਝ ਤੇ ਬੁੱਧੀ ਨਾਲ ਇਸ ਜਾਣਕਾਰੀ ਨੂੰ ਸੱਚ ਤੇ ਤਰਕ ਦੀ ਕਸੌਟੀ 'ਤੇ ਪਰਖਣਾ ਚਾਹੀਦਾ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਅਕਸਰ ਲੋਕ ਸੋਸ਼ਲ ਮੀਡੀਆ 'ਤੇ ਦਿੱਤੀ ਜਾਣਕਾਰੀ ਨੂੰ ਸੱਚ ਮੰਨ ਲੈਂਦੇ ਹਨ। **ਅਨਿਲ ਕੁਮਾਰ ਬੈਨੀਵਾਲ** ਇਸ ਪੱਖ ਨੂੰ ਇਸ ਤਰ੍ਹਾਂ ਸਮਝਾਉਂਦੇ ਹਨ,

> ਜਾਣਕਾਰੀ ਸਾਡੇ ਜੀਵਨ ਵਿਚ ਉਦੋਂ ਤੱਕ ਉਪਯੋਗੀ ਹੁੰਦੀ ਹੈ ਜਦੋਂ ਤੱਕ ਇਸਦੀ ਸਹੀ ਵਰਤੋਂ ਕੀਤੀ ਜਾਂਦੀ ਹੈ।.....ਇਹੀ ਗੱਲ ਸੋਸ਼ਲ ਮੀਡੀਆ 'ਤੇ ਵੀ ਲਾਗੂ ਹੁੰਦੀ ਹੈ। ਸੋਸ਼ਲ ਨੈੱਟਵਰਕਿੰਗ ਮੀਡੀਆ ਦੋ-ਧਾਰੀ ਤਲਵਾਰ ਵਾਂਗ ਹੈ।......ਸੋਸ਼ਲ ਮੀਡੀਆ ਦੀ ਵਰਤੋਂ ਸੀਮਾਵਾਂ ਦੇ ਅੰਦਰ ਸਾਕਾਰਾਤਮਕ ਢੰਗ ਨਾਲ ਕੀਤੀ ਜਾਵੇ ਤਾਂ ਇਹ ਲਾਭਦਾਇਕ ਹੈ ਅਤੇ ਜੇਕਰ ਇਸ ਦੀ ਵਰਤੋਂ ਸੀਮਾਵਾਂ ਤੋਂ ਬਿਨਾਂ ਕੀਤੀ ਜਾਵੇ ਅਤੇ ਸਮਾਜਕ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਹ ਸਮਾਜ ਲਈ ਵੀ ਨੁਕਸਾਨਦਾਇਕ ਹੋ ਸਕਦੀ ਹੈ।[1]

ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੋਸ਼ਲ ਮੀਡੀਆ ਵਿਚ ਕੁਝ ਅੰਦਰੂਨੀ ਚੁਣੌਤੀਆਂ ਹਨ, ਪਰ ਸੋਸ਼ਲ ਮੀਡੀਆ ਦੀਆਂ ਪ੍ਰਾਪਤੀਆਂ ਇਸ ਦੀਆਂ ਕਮੀਆਂ ਨਾਲੋਂ ਕਿਤੇ ਵੱਧ ਹਨ। ਇਸ ਦੀਆਂ ਚੁਣੌਤੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਹੋਰ ਵੀ ਸ਼ਕਤੀਸ਼ਾਲੀ ਮਾਧਿਅਮ ਬਣਾਇਆ ਜਾ ਸਕਦਾ ਹੈ। ਸੋਸ਼ਲ ਮੀਡੀਆ ਪ੍ਰਗਟਾਵੇ ਦਾ ਅਜਿਹਾ ਮੰਚ ਹੈ, ਜਿਥੇ ਕੋਈ ਵਿਅਕਤੀ ਰਾਜਨੀਤਕ ਤਬਦੀਲੀਆਂ, ਆਰਥਕ ਨੀਤੀਆਂ, ਧਾਰਮਕ ਅਤੇ ਸਭਿਆਚਾਰਕ ਮੁੱਦਿਆਂ 'ਤੇ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ।

## ਲੋਕਤੰਤਰ ਅਤੇ ਮੀਡੀਆ

ਲੋਕਤੰਤਰ ਵਿਚ ਮੀਡੀਆ ਦੀ ਭੂਮਿਕਾ ਬਹੁਤ ਅਹਿਮ ਹੈ ਕਿਉਂਕਿ ਮੀਡੀਆ ਨੂੰ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਇਸ ਲਈ ਮੀਡੀਆ ਨੂੰ ਨਿਰਪੱਖ ਰਹਿ ਕੇ ਆਪਣੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਿਭਾਉਣੀ ਚਾਹੀਦੀ ਹੈ। ਪਰ ਅੱਜ ਦੇ ਸੰਦਰਭ ਵਿਚ ਇਹ ਨਿਰਪੱਖ ਨਹੀਂ ਰਿਹਾ, ਇਸ ਦੇ ਅਜਿਹੇ ਭੇਦਭਾਵ ਵਾਲੇ ਰਵੱਈਏ ਕਾਰਨ ਲੋਕਤੰਤਰ ਦੀ ਨੀਂਹ ਕਮਜ਼ੋਰ ਹੋ ਗਈ ਹੈ। ਰਾਜਨੀਤੀ ਜਿਸ ਨੂੰ ਲੋਕਤੰਤਰ ਦੀ ਮਾਂ ਮੰਨਿਆ ਜਾਂਦਾ ਹੈ ਅਤੇ ਰਾਜਨੀਤੀ ਦਾ ਸਿੱਧਾ ਸਬੰਧ ਲੋਕਤੰਤਰੀ ਪ੍ਰਣਾਲੀ ਵਿਚ ਚੋਣਾਂ ਨਾਲ ਹੁੰਦਾ ਹੈ। ਭਾਰਤ ਇਕ ਬਹੁਤ ਵੱਡੀ ਆਬਾਦੀ ਵਾਲਾ ਦੇਸ਼ ਹੈ, ਜਿਸ ਵਿਚ ਸਾਰੀਆਂ ਸਿਆਸੀ ਪਾਰਟੀਆਂ ਦੇ ਮੁੱਦੇ ਅਤੇ ਕੰਮ ਮੀਡੀਆ ਰਾਹੀਂ ਲੋਕਾਂ ਤੱਕ ਪਹੁੰਚਾਏ ਜਾਂਦੇ ਹਨ। ਪਰ ਪੱਖਪਾਤੀ ਮੀਡੀਆ ਜਾਂ ਪੱਤਰਕਾਰ ਸੱਤਾਧਾਰੀ ਸਿਆਸੀ ਪਾਰਟੀ ਦੇ ਹਰ ਕਦਮ ਅਤੇ ਫ਼ੈਸਲੇ ਨੂੰ ਸਹੀ ਦਰਸਾਉਂਦੇ ਹਨ ਹੋਏ ਕਦੀ ਵੀ ਉਨ੍ਹਾਂ ਦੇ ਗ਼ਲਤ ਕੰਮਾਂ ਦੀ ਆਲੋਚਨਾ ਨਹੀਂ ਕਰਦਾ। ਇਸ ਨਾਲ ਲੋਕਤੰਤਰ ਦਾ ਨੁਕਸਾਨ ਹੁੰਦਾ ਹੈ ਕਿਉਂਕਿ ਆਲੋਚਨਾ ਲੋਕਤੰਤਰ ਦੀ ਪਹਿਚਾਨ ਹੈ। ਆਲੋਚਨਾ ਸਰਕਾਰ ਨੂੰ ਸਹੀ ਰਸਤੇ 'ਤੇ ਰੱਖਦੀ ਹੈ। ਕਿਸੇ ਮੁੱਦੇ 'ਤੇ ਚਰਚਾ ਕਰਨੀ ਅਤੇ ਅਸਹਿਮਤੀ ਪ੍ਰਗਟਾਉਣੀ ਲੋਕਤੰਤਰ ਦੇ ਜ਼ਿੰਦਾ ਹੋਣ ਦਾ ਪ੍ਰਮਾਣ ਹਨ। ਪਰ ਅਜਿਹਾ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਮੀਡੀਆ ਆਪਣੀ ਭੂਮਿਕਾ ਨੂੰ ਸਹੀ ਢੰਗ ਨਾਲ ਨਿਭਾਵੇ। **ਰਵੀਸ਼ ਕੁਮਾਰ** ਜਿਨ੍ਹਾਂ ਨੇ ਅੱਜ ਦੇ ਮੀਡੀਆ ਨੂੰ ਗੋਦੀ ਮੀਡੀਆ ਦੀ ਸੰਗਿਆ ਦਿੱਤੀ ਹੈ, ਦੇਸ਼ ਦੇ ਮੀਡੀਆ ਸੰਬੰਧੀ ਚਿੰਤਾ ਪ੍ਰਗਟ ਕਰਦੇ ਹੋਏ ਲਿਖਦੇ ਹਨ,

> ਇਹ ਸਾਡੇ ਜਮਹੂਰੀ ਨਿਜ਼ਾਮ ਦਾ ਨੰਗਾ ਚਿੱਟਾ ਤੱਥ ਹੈ ਕਿ ਪ੍ਰੈਸ ਸਰਕਾਰੀ ਪ੍ਰਾਪੇਗੰਡੇ ਦਾ ਸੰਦ ਹੈ। ਖ਼ਬਰ ਦੱਬੀ ਜਾਂਦੀ ਹੈ, ਤੋੜੀ-ਮਰੋੜੀ ਜਾਂਦੀ ਹੈ ਅਤੇ ਮੂੰਹ-ਜ਼ੋਰੀ ਨਾਲ ਘੜੀ ਜਾਂਦੀ ਹੈ। ਇੰਡੀਆ ਦੇ ਲੋਕਾਂ ਦੀ ਕਦੇ ਕੋਈ ਹੈਸੀਅਤ ਨਹੀਂ ਸੀ, ਪਰ ਹੁਣ ਰਹਿੰਦੀ-ਖੂੰਹਦੀ ਵੀ ਹਕੂਮਤ ਦੇ ਸਾਹਮਣੇ ਗੋਡੇ ਟੇਕ ਗਈ ਹੈ। ਜਿਸ ਦੇ ਇਰਾਦਿਆਂ ਬਾਬਤ ਉਨ੍ਹਾਂ ਨੂੰ ਨਾ ਦੇ ਬਰਾਬਰ ਜਾਣਕਾਰੀ ਹੈ। ਆਜ਼ਾਦ ਇੰਡੀਆ ਦੇ ਇਤਿਹਾਸ ਵਿਚ ਲੋਕਾਂ ਦਾ ਸਿਆਸੀ ਹਕੂਮਤ ਵਿਚ ਇਸ ਪੱਧਰ ਦਾ ਯਕੀਨ ਕਦੇ ਨਹੀਂ ਰਿਹਾ ਅਤੇ ਨਾ ਹੀ ਲੋਕਾਂ ਨੂੰ ਕਦੇ ਇਸ ਪੱਧਰ ਦਾ ਖ਼ਬਰਾਂ ਅਤੇ ਮਸਨੂਈ ਖ਼ਬਰਾਂ ਦਾ ਭੁੱਸ ਰਿਹਾ ਹੈ। ਦੁਨੀਆ ਦੇ ਪ੍ਰੈਸ ਫਰੀਡਮ ਇੰਡੈਕਸ ਵਿਚ ਇੰਡੀਆ ਦਾ ਦਰਜਾ 180 ਮੁਲਕਾਂ ਵਿਚ 140ਵਾਂ ਹੈ। ਇਸ ਲਈ ਸਮੁੱਚੀ ਜ਼ਿੰਮੇਵਾਰੀ ਸਰਕਾਰ ਦੀ ਨਹੀਂ ਹੈ। ਦਰਸ਼ਕਾਂ ਅਤੇ ਪਾਠਕਾਂ ਨੇ ਸਾਨੂੰ ਇਸ ਥਾਂ ਪਹੁੰਚਾਇਆ ਹੈ। ਸਰਕਾਰਾਂ ਦੇ ਦਿਨ-ਰਾਤ ਕਸੀਦੇ ਪੜ੍ਹਨ ਵਾਲੇ ਚੈਨਲਾਂ ਦੀ ਦਰਜਾਬੰਦੀ ਸਭ ਤੋਂ ਉੱਚੀ ਹੈ ਅਤੇ ਉਨ੍ਹਾਂ ਦਾ ਚੰਦਾ ਵੀ ਸਭ ਤੋਂ ਜ਼ਿਆਦਾ ਹੈ।[2]

ਲੋਕਤੰਤਰ ਵਿਚ ਲੋਕਾਂ ਦੀ ਭਾਗੀਦਾਰੀ ਇਸ ਗੱਲ ਤੋਂ ਪ੍ਰਭਾਵਤ ਹੁੰਦੀ ਹੈ ਕਿ ਮੀਡੀਆ ਸਮਾਜ ਨੂੰ ਕਿਸ ਤਰ੍ਹਾਂ ਦੀ ਤਸਵੀਰ ਪੇਸ਼ ਕਰਦਾ ਹੈ। ਜੇਕਰ ਮੀਡੀਆ ਸਮਾਜ ਦੇ ਸ਼ੋਸ਼ਤ ਤਬਕਿਆਂ, ਕਿਸਾਨਾਂ, ਔਰਤਾਂ ਆਦਿ ਦੀਆਂ ਸਮੱਸਿਆਵਾਂ ਨੂੰ ਸੁਤੰਤਰ ਤੌਰ ’ਤੇ ਉਠਾਏ ਤਾਂ ਦੇਸ਼ ਦਾ ਸਰਬਪੱਖੀ ਵਿਕਾਸ ਯਕੀਨੀ ਹੋਵੇਗਾ ਅਤੇ ਜੇਕਰ ਮੀਡੀਆ ਸੁਤੰਤਰ ਤੌਰ ’ਤੇ ਕੰਮ ਨਹੀਂ ਕਰਦਾ, ਸਗੋਂ ਪੱਖਪਾਤੀ ਰਵੱਈਏ ਨਾਲ ਕੰਮ ਕਰਦਾ ਹੈ ਤਾਂ ਜ਼ਾਹਰ ਹੈ ਕਿ ਸਮੁੱਚਾ ਲੋਕਤੰਤਰ ਖ਼ਤਰੇ ਵਿਚ ਹੈ ਅਤੇ ਸਾਡੇ ਦੇਸ਼ ਦੀ ਇਹ ਅੱਜ ਦੀ ਹਕੀਕਤ ਹੈ। ਜਿਸ ਤੋਂ ਅਸੀਂ ਕਬੂਤਰ ਵਾਂਗ ਅੱਖਾਂ ਤਾਂ ਮੀਟ ਸਕਦੇ ਹਾਂ, ਪਰ ਬੱਚ ਨਹੀਂ ਸਕਦੇ। ਅਜਿਹੇ ਵਿਚ ਸਿਰਫ਼ ਇਕ ਹੀ ਵਿਕਲਪ ਬੱਚਦਾ ਹੈ ਸੋਸ਼ਲ ਮੀਡੀਆ। ਇਸ ਲਈ ਸੋਸ਼ਲ ਮੀਡੀਆ ਕਿਸੇ ਵੀ ਰਾਜ ਜਾਂ ਸਮਾਜ ਦੀ ਅਸਲੀਅਤ ਨੂੰ ਦਰਸਾਉਣ ਦਾ ਸ਼ਕਤੀਸ਼ਾਲੀ ਮਾਧਿਅਮ ਬਣ ਗਿਆ ਹੈ। ਇਹ ਸਮਾਜ ਦੇ ਹਰ ਵਰਗ ਦੀ ਆਵਾਜ਼ ਬਿਨਾਂ ਕਿਸੇ ਭੇਦਭਾਵ ਦੇ ਉਠਾਉਂਦਾ ਹੈ। ਇਹ ਸੂਚਨਾਵਾਂ ਦੇ ਆਦਾਨ-ਪ੍ਰਦਾਨ, ਲੋਕ-ਰਾਏ ਬਣਾਉਣ, ਵੱਖ-ਵੱਖ ਖੇਤਰਾਂ ਅਤੇ ਸਭਿਆਚਾਰਾਂ ਦੇ ਲੋਕਾਂ ਨੂੰ ਜੋੜਨ, ਰਾਸ਼ਟਰੀ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਦੇਣ, ਭ੍ਰਿਸ਼ਟਾਚਾਰ ਨੂੰ ਜਨਤਕ ਬਣਾਉਣ, ਇੱਥੋਂ ਤੱਕ ਕਿ ਸ਼ਕਤੀਸ਼ਾਲੀ ਸਰਕਾਰਾਂ ਲਈ ਵੀ ਇਕ ਉਪਯੋਗੀ ਮਾਧਿਅਮ ਹੈ। ਇਸ ਤਰ੍ਹਾਂ ਹੀ ਇਹ ਸਮਾਜ ਅੰਦਰ ਵੱਧ ਰਹੇ ਵਿਰੋਧ ਨੂੰ ਇਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਅੱਗੇ ਲਿਆਉਂਦਾ ਹੈ। ਅੰਨਾ ਅੰਦੋਲਨ, ਕਿਸਾਨ ਅੰਦੋਲਨ ਜਾਂ ਫਿਰ ਨਿਰਭੈਯਾ ਤੇ ਆਰੂਸ਼ੀ ਵਰਗੇ ਬਲਾਤਕਾਰ ਕਾਂਡ ਵਿਰੁੱਧ ਰੋਸ ਅੰਦੋਲਨ, ਇਹ ਸਾਰੇ ਸੋਸ਼ਲ ਮੀਡੀਆ ਰਾਹੀਂ ਹੀ ਸਫ਼ਲ ਰਹੇ। ਇਸ ਤਰ੍ਹਾਂ ਸੋਸ਼ਲ ਮੀਡੀਆ ਆਮ ਆਦਮੀ ਦੀ ਆਵਾਜ਼ ਬਣ ਕੇ ਲੋਕਤੰਤਰ ਨੂੰ ਮਜ਼ਬੂਤੀ ਦੇ ਰਿਹਾ ਹੈ।

ਜਿਥੇ ਆਮ ਨਾਗਰਿਕ ਇਸ ਮੀਡੀਆ ਦੀ ਆਪਣੇ ਸੰਘਰਸ਼ ਲਈ ਵਰਤੋਂ ਕਰ ਰਹੇ ਹਨ, ਉਥੇ ਰਾਜਨੀਤਕ ਪਾਰਟੀਆਂ ਵੀ ਫੇਸਬੁੱਕ, ਟਵਿੱਟਰ, ਵਟਸਐਪ ਵਰਗੇ ਸੋਸ਼ਲ ਪਲੇਟਫਾਰਮਾਂ ਦੀ ਮਦਦ ਨਾਲ ਲੋਕਾਂ ਤੱਕ ਪਹੁੰਚ ਰਹੀਆਂ ਹਨ। ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਜੱਥੇਬੰਦੀਆਂ ਨੇ ਆਪਣੇ ਹਿੱਤਾਂ ਲਈ ਸੋਸ਼ਲ ਮੀਡੀਆ ਦੀ ਵੱਡੇ ਪੱਧਰ ’ਤੇ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਉਹ ਸੋਸ਼ਲ ਮੀਡੀਆ ਰਾਹੀਂ ਆਪਣਾ ਪ੍ਰਚਾਰ ਫੈਲਾਉਂਦੀਆਂ ਹਨ ਅਤੇ ਆਕਰਸ਼ਕ ਵਾਅਦਿਆਂ ਨਾਲ ਲੋਕਾਂ ਨੂੰ ਪ੍ਰਭਾਵਤ ਕਰਦੀਆਂ ਹਨ। ਮੌਜੂਦਾ ਸਮੇਂ ਵਿਚ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਫਾਇਦੇ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਝੂਠੀਆਂ ਖ਼ਬਰਾਂ ਫੈਲਾ ਕੇ ਜਨ-ਸਮੂਹ ਨੂੰ ਗੁੰਮਰਾਹ ਕਰਨ ਦੀ ਸਮਰੱਥਾ ਰੱਖਦੀਆਂ ਹਨ। **“ਸਿਆਸੀ ਪਾਰਟੀਆਂ ਵਿਚ ਜਨਤਾ ਨੂੰ ਆਪਣੀ ਵਿਚਾਰਧਾਰਾ ਨਾਲ ਜੋੜਨ ਅਤੇ ਆਪਣੇ ਸਮਰਥਕਾਂ ਦੀ ਗਿਣਤੀ ਵਧਾਉਣ ਦਾ ਮੁਕਾਬਲਾ ਹੈ। ਪ੍ਰਚਾਰ ਨੂੰ ਵਿਆਪਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਤਿਕਥਨੀ ਦਾ ਸਹਾਰਾ ਲਿਆ ਜਾਣ ਲੱਗਾ ਹੈ। ਜਨਤਾ ਦੀ ਫ਼ੈਸਲਾ ਲੈਣ ਦੀ ਸਮਰੱਥਾ ਪ੍ਰਭਾਵਤ ਹੋਈ ਹੈ। ਕਈ ਮੌਕਿਆਂ ’ਤੇ, ਲੋਕਾਂ ਦੀ ਰਾਏ ਨੂੰ ਪ੍ਰਭਾਵਤ ਕਰਕੇ, ਉਨ੍ਹਾਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਦੇ ਹੱਲ ਦੇ ਉਲਟ ਵਿਅਕਤੀਆਂ ਬਾਰੇ ਚਰਚਾਵਾਂ ਨੂੰ ਪ੍ਰਮੁੱਖ ਬਣਾਇਆ ਜਾਂਦਾ ਹੈ। ਸਾਡਾ ਸਮਾਜ ਮੁੱਦਿਆਂ ’ਤੇ ਚਰਚਾ ਕਰਨ ਦੀ ਬਜਾਏ ਵਿਅਕਤੀਆਂ ਦੀ ਚਰਚਾ ਕਰ ਰਿਹਾ ਹੈ। ਨਾਇਕਵਾਦ ਨੇ ਚੋਣਾਂ ਨੂੰ ਚੋਣ ਦੀ ਬਜਾਏ ਮੁਕਾਬਲੇ ਦਾ ਰੂਪ ਦੇ ਦਿੱਤਾ ਹੈ ਅਤੇ ਇਸ ਸਿਲਸਿਲੇ ਵਿਚ ਰਾਜਨੀਤਕ ਪਾਰਟੀਆਂ ਸ਼ਕਤੀਆਂ ਦਾ ਭੰਡਾਰ ਅਤੇ ਚੋਣ ਸ਼ਕਤੀਆਂ ਦਾ ਪ੍ਰਦਰਸ਼ਨ ਕਰਨ ਲੱਗ ਪਈਆਂ ਹਨ। ਇਹ ਸਾਡੇ ਲੋਕਤੰਤਰ ਦਾ ਉਲਟਾ ਕੋਣ ਹੈ।”**[3]

ਭਾਰਤ ਵਿਸ਼ਾਲ ਬਹੁ-ਸੰਖਿਅਕ ਦੇਸ਼ ਹੈ, ਜਿਥੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ, ਹਰ ਰਾਜਨੀਤਕ ਪਾਰਟੀ ਨੌਜਵਾਨਾਂ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਚਾਹੁੰਦੀ ਹੈ ਅਤੇ ਅੱਜ ਦੇ ਜ਼ਿਆਦਾਤਰ ਨੌਜਵਾਨ ਸੋਸ਼ਲ ਮੀਡੀਆ ’ਤੇ ਆਸਾਨੀ ਨਾਲ ਉਪਲਬਧ ਹਨ। ਇਸ ਲਈ ਵੱਖ-ਵੱਖ ਰਾਜਨੀਤਕ ਪਾਰਟੀਆਂ ਲੋਕਾਂ ਦੀ ਰਾਏ ਨੂੰ ਆਪਣੇ ਹੱਕ ਵਿਚ ਭੁਗਤਉਣ ਲਈ ਸੋਸ਼ਲ ਮੀਡੀਆ ਦੀ ਭਰਪੂਰ ਵਰਤੋਂ ਕਰਦੀਆਂ ਹਨ। ਹੁਣ ਤੱਕ ਜਾਤ, ਧਰਮ ਅਤੇ ਪੈਸੇ ਨੂੰ ਸੱਤਾ ਤੱਕ ਪਹੁੰਚਣ ਦਾ ਸਾਧਨ ਮੰਨਿਆ ਜਾਂਦਾ ਸੀ, ਪਰ ਮੌਜੂਦਾ ਸਮੇਂ ਵਿਚ ਸੱਤਾ ਸੋਸ਼ਲ ਮੀਡੀਆ ਵਰਗੇ ਜਨ-ਸੰਚਾਰ ਦੇ ਸ਼ਕਤੀਸ਼ਾਲੀ ਸਾਧਨਾਂ ’ਤੇ ਆਧਾਰਤ ਹੈ। ਪਰ ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਕਿ ਸੋਸ਼ਲ ਮੀਡੀਆ ਇਕ ਦੋ-ਧਾਰੀ ਤਲਵਾਰ ਹੈ, ਜਿਥੇ ਇਕ ਪਾਸੇ ਇਹ ਲੋਕ-ਸੰਘਰਸ਼ ਦੀ ਅਗਵਾਈ ਕਰਦਾ ਹੈ, ਉਥੇ ਲੋਕਾਂ ਨੂੰ ਗੁੰਮਰਾਹ ਵੀ ਕਰਦਾ ਹੈ। ਇਸ ਦੀ ਸਭ ਤੋਂ ਚੰਗੀ ਮਿਸਾਲ ਅੱਜ-ਕੱਲ ਪ੍ਰਚਲਤ ਵਟਸਐਪ ਯੂਨੀਵਰਸਿਟੀ ਦਾ ਮੁਹਾਵਰਾ ਹੈ। ਗੋਦੀ ਮੀਡੀਆ ਸ਼ਬਦ ਵਾਂਗ ਇਸ ਸ਼ਬਦ ਦੀ ਵਰਤੋਂ ਵੀ ਪੱਤਰਕਾਰ ਰਵੀਸ਼ ਕੁਮਾਰ ਨੇ ਇਕ ਵਿਅੰਗ ਵਜੋਂ ਕੀਤੀ। ਵਿਦਿਅਕ ਅਦਾਰਾ ਉਹ ਹੁੰਦਾ ਹੈ ਜਿਥੇ ਬੌਧਿਕਤਾ ਤੇ ਤਰਕ ਦਾ ਪ੍ਰਚਾਰ ਹੁੰਦਾ ਹੈ, ਪਰ ਵਟਸਐਪ ਯੂਨੀਵਰਸਿਟੀ ਦਾ ਮੁੱਖ ਏਜੰਡਾ ਪੂਰੀ ਤਰ੍ਹਾਂ ਭਿੰਨ ਹੈ। ਇਸ ਯੂਨੀਵਰਸਿਟੀ ਦੇ ਵਿਦਵਾਨ ਤਰਕਹੀਣ ਤੇ ਬਿਨਾਂ ਆਧਾਰ ਵਾਲੇ ਝੂਠ ਦਾ ਪ੍ਰਚਾਰ ਕਰਕੇ ਆਪਣੀ ਬੌਧਿਕਤਾ ਦਾ ਪ੍ਰਦਰਸ਼ਨ ਕਰਦੇ ਹਨ।

ਪਿਛਲੇ ਕੁਝ ਸਾਲਾਂ ਵਿਚ ਸੋਸ਼ਲ ਮੀਡੀਆ ਦੀ ਇਹ ਸਭ ਤੋਂ ਨਿਖੇਧਾਤਮਕ ਵਰਤੋਂ ਹੈ। ਸੱਤਾ ਪੱਖ ਪਿਛਲੇ ਕੁਝ ਸਾਲਾਂ ਤੋਂ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਦੀ ਵਰਤੋਂ ਕਰਕੇ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਰਾਹੀਂ ਧਰਮ, ਜਾਤੀ ਦੇ ਆਧਾਰ ’ਤੇ ਇਕ ਵੱਡੇ ਜਨ-ਸਮੂਹ ਨੂੰ ਵਰਗਲਾ ਰਿਹਾ ਹੈ।

ਸੱਤਾ ਧਿਰ ਨੇ ਆਪਣੇ ਸਮਰਥਕਾਂ ਦੀ ਔਨਲਾਈਨ ਫੌਜ ਖੜ੍ਹੀ ਕਰ ਲਈ ਹੈ, ਅਜਿਹੇ ਲੋਕ ਅਕਸਰ ਵਿਰੋਧੀ ਪਾਰਟੀਆਂ, ਵਿਰੋਧੀ ਵਿਚਾਰਧਾਰਾਵਾਂ, ਦੂਜੇ ਧਰਮਾਂ, ਸੰਪਰਦਾਵਾਂ ਵਿਰੁੱਧ ਸੋਸ਼ਲ ਮੀਡੀਆ ’ਤੇ ਮੁਹਿੰਮਾਂ ਚਲਾਉਂਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਮੁਖਾਲਫ਼ਤ ਕਰਨ ਵਾਲਿਆਂ ਨੂੰ ਡਰਾ ਕੇ ਅਤੇ ਧਮਕਾ ਕੇ ਦਬਾਉਣ ਦੀ ਕੋਸ਼ਿਸ਼ ਕਰਦੇ ਹਨ। ਹਾਲ ਹੀ ਵਿਚ ਸੂਚਨਾ ਤਕਨਾਲੋਜੀ ਐਕਟ ਤਹਿਤ ਪ੍ਰੈਸ ਸੂਚਨਾ ਬਿਊਰੋ ਨੂੰ ਡਿਜੀਟਲ ਮੀਡੀਆ ਦੀਆਂ ਖ਼ਬਰਾਂ ਨੂੰ ਸੈਂਸਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਅਜਿਹਾ ਕਰ ਕੇ ਸੱਤਾ ਆਪਣੇ ਵਿਰੋਧ ਵਿਚ ਉੱਠਣ ਵਾਲੀਆਂ ਅਵਾਜ਼ਾਂ ਨੂੰ ਦਬਾਉਣਾ ਚਾਹੁੰਦੀ ਹੈ। **ਸ਼ੰਭੂਨਾਥ** ਸੱਤਾ ਪੱਖ ਵਲੋਂ ਕੀਤੀ ਇਸ ਧੱਕੇਸ਼ਾਹੀ ਦੀ ਤੁਲਨਾ ਫਾਸੀਵਾਦ ਨਾਲ ਕਰਦੇ ਹਨ।

> ਫਾਸੀਵਾਦ ਜਾਂ ਕਿਸੇ ਵੀ ਤਰ੍ਹਾਂ ਦੀ ਤਾਨਾਸ਼ਾਹੀ ਜਮਹੂਰੀਅਤ ਦੀ ਦੁਰਵਰਤੋਂ ਦਾ ਨਤੀਜਾ ਹੈ। ਨਿੱਜੀਕਰਨ ਅਤੇ ਮੰਡੀ ਦੀ ਆਰਥਿਕਤਾ ਵੀ ਜਮਹੂਰੀਅਤ ਦੀ ਦੁਰਵਰਤੋਂ ਦੇ ਨਤੀਜੇ ਹਨ। ਜਨਤਾ ਦਾ ਇਕ ਵਰਗ ਗ਼ਲਤੀ ਨਾਲ ਇਹ ਮੰਨਣ ਲੱਗ ਜਾਂਦਾ ਹੈ ਕਿ ਦੇਸ਼ ਨੂੰ ਚਲਾਉਣ ਲਈ ਥੋੜੀ ਜਿਹੀ ਤਾਨਾਸ਼ਾਹੀ ਜ਼ਰੂਰੀ ਹੈ। ਰਾਜਾ ਗ਼ਲਤੀ ਨਹੀਂ ਕਰਦਾ। ਫਿਰ ਧਰਮ, ਰਾਸ਼ਟਰਵਾਦ, ਜਾਤ-ਪਾਤ, ਖੇਤਰਵਾਦ ਆਦਿ ਦੇ ਤਰੀਕਿਆਂ ਨਾਲ ਸਾਡੇ-ਉਨ੍ਹਾਂ, ਬਾਹਰਲੇ-ਅੰਦਰੂਨੀ, ਸਾਡੇ ਆਦਮੀ-ਉਨ੍ਹਾਂ ਦੇ ਆਦਮੀ ਵਰਗੀਆਂ ਮਾੜੀਆਂ ਭਾਵਨਾਵਾਂ ਫੈਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਨ੍ਹਾਂ ਆਧਾਰਾਂ ’ਤੇ ਜਮਹੂਰੀ ਸੰਸਥਾਵਾਂ ’ਤੇ ਸਿਆਸੀ ਕਬਜ਼ਾ ਸ਼ੁਰੂ ਹੋ ਜਾਂਦਾ ਹੈ। ਨਿਆਂ ਇਕ ਸੁਪਨਾ ਬਣ ਜਾਂਦਾ ਹੈ। ਨਿਆਂ ਤੋਂ ਬਿਨਾਂ ਲੋਕਤੰਤਰ ਪਿੰਜਰ ਹੈ।[4]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੋਸ਼ਲ ਮੀਡੀਆ ਦੇਸ਼ ਵਿਚ ਵੱਖ-ਵੱਖ ਸਕਾਰਾਤਮਕ ਤਬਦੀਲੀਆਂ ਲਈ ਪ੍ਰੇਰਨਾ ਸਰੋਤ ਬਣ ਕੇ ਰਾਸ਼ਟਰ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸਮੇਂ ਦੇ ਨਾਲ, ਜਨ ਸੰਚਾਰ ਦੇ ਮਾਧਿਅਮਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ ਅਤੇ ਇਹਨਾਂ ਬਦਲਦੇ ਰੂਪਾਂ ਨੇ ਜਨ ਸੰਚਾਰ ਦੇ ਖੇਤਰ ਵਿਚ ਨਵੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ। ਸੋਸ਼ਲ ਮੀਡੀਆ ਇਸ ਨਵੀਂ ਸੂਚਨਾ ਤਕਨਾਲੋਜੀ ਤੋਂ ਲਿਆ ਗਿਆ ਇਕ ਮਾਧਿਅਮ ਹੈ ਜਿਸਦਾ ਪ੍ਰਭਾਵ ਇਸਦੀ ਵਰਤੋਂ ’ਤੇ ਨਿਰਭਰ ਕਰਦਾ ਹੈ। ਇਹ ਲਾਭਦਾਇਕ ਅਤੇ ਵਿਨਾਸ਼ਕਾਰੀ ਦੋਵਾਂ ਸਥਿਤੀਆਂ ਦੇ ਪੈਦਾ ਹੋਣ ਦਾ ਕਾਰਨ ਬਣ ਸਕਦਾ ਹੈ। ਜੇਕਰ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਇਹ ਕਲਿਆਣਕਾਰੀ ਨਤੀਜੇ ਦੇ ਸਕਦਾ ਹੈ, ਨਹੀਂ ਤਾਂ ਬੇਲੋੜੀ ਅਤੇ ਅਨੈਤਿਕ ਵਰਤੋਂ ਸਿਰਫ਼ ਨਕਾਰਾਤਮਕ ਨਤੀਜੇ ਦੇਵੇਗੀ।

## ਹਵਾਲੇ ਟਿੱਪਣੀਆਂ


1. ਅਨਿਲ ਕੁਮਾਰ ਬੈਨੀਵਾਲ, ‘ਅਜੋਕੇ ਸੰਦਰਭ ਵਿਚ ਸੋਸ਼ਲ ਮੀਡੀਆ ਨੀਤੀ’, **ਸੋਸ਼ਲ ਮੀਡੀਆ ਕੇ ਵਿਵਿਧ ਆਯਾਮ** (ਸੰਪਾ.ਡਾ.ਸੇਵਾ ਸਿੰਘ ਬਾਜਵਾ), ਪੰਨਾ 29-30.
2. ਰਵੀਸ਼ ਕੁਮਾਰ, ਭੂਮਿਕਾ, **ਬੋਲ ਬੀਂਦਿਆ**, (ਅਨੁ. ਦਲਜੀਤ ਅੰਮੀ), ਪੰਨਾ- xxix.
3. ਡਾ.ਭਾਵਨਾ ਮਹਿਤਾ, ‘ਸੋਸ਼ਲ ਮੀਡੀਆ-ਸਿਆਸੀ ਪਾਰਟੀਆਂ ਲਈ ਬਾਜ਼ਾਰ’, **ਸੋਸ਼ਲ ਮੀਡੀਆ ਕੇ ਵਿਵਿਧ ਆਯਾਮ** (ਡਾ.ਸੇਵਾ ਸਿੰਘ ਬਾਜਵਾ), ਪੰਨਾ 45.
4. ਸ਼ੰਭੂਨਾਥ, ‘ਲੋਕਤੰਤਰ ਕਾ ਪੂਨਰ-ਨਿਰਮਾਣ’, ਲੋਕਤੰਤਰ ਕਾ ਭਵਿੱਸ਼ਯ (ਸੰਪਾ.ਅਰੁਣ ਕੁਮਾਰ ਤ੍ਰਿਪਾਠੀ), ਪੰਨਾ 75.